28-Oct-2-Star-BTD.qxd 10/28/2025 10:42 PM Page 2

ਨਵੀਂ ਦਿੱਲੀ ਵਿਖੇ ਮਹਾਰਾਸ਼ਟਰ ਦੀ ਡਾ. ਸੰਪਦਾ ਮੁੰਡੇ ਦੇ ਸਰੀਰਕ ਸ਼ੋਸ਼ਣ ਅਤੇ ਖ਼ੁਦਕੁਸ਼ੀ ਨੂੰ ਲੈ ਕੇ ਮਹਾਰਾਸ਼ਟਰ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦੇ ਹੋਏ ਭਾਰਤੀ ਯੁਵਾ ਕਾਂਗਰਸ ਦੇ ਕਾਰਕੁੰਨ। ਤਸਵੀਰ : ਸ਼ਿਆਮ ਸੁੰਦਰ

ਡਿਲੀਵਰੀ ਬੁਆਏ ਨੇ ਲੈਫਟੀਨੈਂਟ ਦੱਸ ਕੇ ਔਰਤ ਡਾਕਟਰ ਨਾਲ ਕੀਤਾ ਜਬਰ ਜਨਾਹ

ਨਵੀਂ ਦਿੱਲੀ, 28 ਅਕਤੂਬਰ (ਮਿਸਰਦੀਪ ਭਾਟੀਆ)-ਇਕ ਡਿਲੀਵਰੀ ਬੁਆਏ ਨੇ ਫ਼ੌਜ ਦੇ ਲੈਫਟੀਨੈਂਟ ਦੀ ਵਰਦੀ ਵਿਚ ਫੋਟੋ ਸੋਸ਼ਲ ਮੀਡੀਆ 'ਤੇ ਪਾਈ ਅਤੇ ਇਕ ਔਰਤ ਡਾਕਟਰ ਨਾਲ ਦੋਸਤੀ ਕਰ ਲਈ। ਵੱਖ-ਵੱਖ ਥਾਵਾਂ ਅਤੇ ਪੋਜ਼ ਵਿਚ ਤਸਵੀਰਾਂ ਪੋਸਟ ਕਰਕੇ ਖ਼ੁਦ ਨੂੰ ਉਸ ਨੇ ਕਸ਼ਮੀਰ ਵਿਚ ਤਾਇਨਾਤ ਦੱਸ ਕੇ ਔਰਤ ਡਾਕਟਰ ਨਾਲ ਮੇਲਜੋਲ ਵਧਾਇਆ। ਇਕ ਦਿਨ ਡਾਕਟਰ ਦੇ ਘਰ ਪਹੁੰਚ ਕੇ ਉਸ ਨੇ ਖਾਣੇ ਵਿਚ ਨਸ਼ੀਲੀ ਚੀਜ਼ ਦੇ ਕੇ ਡਾਕਟਰ ਨਾਲ ਜਬਰ ਜਨਾਹ ਕੀਤਾ। ਔਰਤ ਡਾਕਟਰ ਦੀ ਸ਼ਿਕਾਇਤ 'ਤੇ ਸਫ਼ਦਰਜੰਗ ਇਨਕਲੇਵ ਪੁਲਿਸ ਸਟੇਸ਼ਨ ਨੇ ਕੇਸ ਦਰਜ ਕਰਕੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਸ਼ੀ ਦੀ ਪਛਾਣ ਆਰਵ ਮਲਿਕ ਵਜੋਂ ਹੋਈ ਹੈ। ਉਹ ਛਤਰਪੁਰ ਇਲਾਕੇ ਦਾ ਰਹਿਣ ਵਾਲਾ ਹੈ। ਪੁਲਿਸ ਅਨੁਸਾਰ 27 ਸਾਲਾ ਪੀੜਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਮਸਜਿਦ ਮੋਠ ਇਲਾਕੇ ਵਿਚ ਰਹਿੰਦੀ ਹੈ। ਪੀੜਤਾ ਅਨੁਸਾਰ ਅਪ੍ਰੈਲ 2025 ਵਿਚ ਇੰਸਟਾਗ੍ਰਾਮ 'ਤੇ ਆਰਵ ਨਾਂਅ ਦੇ ਇਕ ਨੌਜਵਾਨ ਨਾਲ ਉਸ ਦੀ ਦੋਸਤੀ ਹੋਈ ਸੀ। ਆਰਵ ਨੇ ਆਪਣੇ-ਆਪ ਨੂੰ ਫ਼ੌਜ ਵਿਚ ਲੈਫਟੀਨੈਂਟ ਦੱਸਿਆ। ਉਨ੍ਹਾਂ ਦੋਵਾਂ ਨੇ ਇਕ-ਦੂਜੇ ਦੇ ਫੋਨ ਨੰਬਰ ਵੀ ਸਾਂਝੇ ਕੀਤੇ, ਜਿਸ ਤੋਂ ਬਾਅਦ ਦੋਵੇਂ ਗੱਲਬਾਤ ਕਰਨ ਲੱਗੇ। ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਕਿ ਆਰਵ ਲੈਫਟੀਨੈਂਟ ਨਹੀਂ ਹੈ, ਸਗੋਂ ਡਿਲੀਵਰੀ ਬੁਆਏ ਵਜੋਂ ਕੰਮ ਕਰਦਾ ਹੈ। ਉਸ ਨੇ ਫਰਜ਼ੀ ਫ਼ੌਜੀ ਅਫ਼ਸਰ ਬਣ ਕੇ ਔਰਤ ਡਾਕਟਰ ਨਾਲ ਦੋਸਤੀ ਕਰਕੇ ਜਬਰ ਜਨਾਹ ਕੀਤਾ। ਪੁੱਛਗਿੱਛ ਦੌਰਾਨ ਆਰਵ ਨੇ ਦੱਸਿਆ ਕਿ ਉਸ ਨੇ ਦਿੱਲੀ ਕੈਂਟ ਵਿਚ ਫ਼ੌਜ ਦੀ ਵਰਦੀ ਵੇਚਣ ਵਾਲੀ ਇਕ ਦੁਕਾਨ ਤੋਂ ਵਰਦੀ ਆਨਲਾਈਨ ਮੰਗਵਾਈ ਸੀ।

ਚੋਣ ਕਮਿਸ਼ਨ ਵਲੋਂ ਪ੍ਰਸ਼ਾਂਤ...

(ਸਫਾ 1 ਦੀ ਬਾਕੀ)

ਵਿਧਾਨ ਸਭਾ ਖੇਤਰ 'ਚ ਵੋਟਰ ਦੇ ਰੂਪ 'ਚ ਰਜਿਸਟਰਡ ਹੈ। ਕਿਸ਼ੋਰ ਨੂੰ ਤਿੰਨ ਦਿਨਾਂ ਦੇ ਅੰਦਰ ਜਵਾਬ ਦੇਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਅਧਿਕਾਰਤ ਰਿਕਾਰਡ ਦੇ ਅਨੁਸਾਰ ਕਿਸ਼ੋਰ ਪੱਛਮੀ ਬੰਗਾਲ 'ਚ 121, ਕਾਲੀਘਾਟ ਰੋਡ 'ਤੇ ਵੋਟਰ ਦੇ ਰੂਪ 'ਚ ਰਜਿਸਟਰਡ ਹੈ, ਜੋ ਕੋਲਕਾਤਾ ਦੇ ਭਵਾਨੀਪੁਰ ਵਿਧਾਨ ਸਭਾ ਦੇ ਤ੍ਰਿਣਾਮੂਲ ਕਾਂਗਰਸ ਦੇ ਮੁੱਖ ਦਫ਼ਤਰ ਦਾ ਪਤਾ ਹੈ। ਇਹ ਵਿਧਾਨ ਸਭਾ ਖੇਤਰ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਦਾ ਚੋਣ ਖੇਤਰ ਹੈ। ਅਧਿਕਾਰੀ ਨੇ ਅੱਗੇ ਕਿਹਾ ਕਿ ਕਿਸ਼ੋਰ ਦਾ ਵੋਟ ਕੇਂਦਰ ਬੀ ਰਾਣੀਸ਼ੰਕਰੀ ਲੇਨ ਸਥਿਤ ਸੇਂਟ ਹੈਲਨ ਸਕੂਲ ਦੇ ਰੂਪ 'ਚ ਸੂਚੀਬੱਧ ਹੈ। ਪੱਛਮੀ ਬੰਗਾਲ 'ਚ 2021 ਦੀਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਕਿਸ਼ੋਰ ਨੇ ਟੀ.ਐੱਮ.ਸੀ. ਦੇ ਲਈ ਇਕ ਰਾਜਨੀਤਕ ਸਲਾਹਕਾਰ ਦੇ ਰੂਪ 'ਚ ਕੰਮ ਕੀਤਾ ਸੀ। ਪਤੇ 'ਚ ਬਦਲਾਅ ਦੀ ਸਥਿਤੀ 'ਚ ਵਿਅਕਤੀ ਨੂੰ ਫਾਰਮ ਐੱਚ. ਭਰ ਕੇ ਨਵੇਂ ਸਥਾਨ 'ਤੇ ਆਪਣਾ ਨਾਂਅ ਸ਼ਾਮਿਲ ਕਰਨ ਲਈ ਬਿਨੈ ਕਰਨਾ ਹੁੰਦਾ ਹੈ। ਫਾਰਮ ਐੱਚ ਇਸ ਗੱਲ ਦਾ ਐਲਾਨ ਹੈ ਕਿ ਉਸ ਨੇ ਆਪਣਾ ਆਧਾਰ ਬਦਲ ਲਿਆ ਹੈ ਅਤੇ ਆਪਣੇ ਪਹਿਲੇ ਸਥਾਨ ਦੀ ਵੋਟਰ ਸੂਚੀ 'ਚੋਂ ਨਾਂਅ ਹਟਾਉਣ ਲਈ ਸਹਿਮਤੀ ਦਿੰਦਾ ਹੈ। ਰੋਹਤਾਸ ਦੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਵਲੋਂ ਜਾਰੀ ਨੋਟਿਸ 'ਚ ਇਕ ਮੁੱਖ ਅੰਗਰੇਜ਼ੀ ਰੋਜ਼ਾਨਾ ਦੀ ਰਿਪੋਰਟ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਵਿਚ ਕਿਸ਼ੋਰ ਦੇ ਮਾਮਲੇ 'ਚ ਅੰਤਰ ਦੇ ਵੱਲ ਇਸ਼ਾਰਾ ਕੀਤਾ ਗਿਆ ਹੈ। ਨੋਟਿਸ 'ਚ ਕਿਹਾ ਗਿਆ ਹੈ ਕਿ ਲੋਕਪ੍ਰਤੀਨਿਧਤਾ ਐਕਟ ਦੀ ਧਾਰਾ 31 ਕਿਸੇ ਵਿਅਕਤੀ ਨੂੰ ਇਕ ਤੋਂ ਵੱਧ ਸਥਾਨਾਂ 'ਤੇ ਵੋਟਰ ਦੇ ਰੂਪ 'ਚ ਆਪਣਾ ਨਾਂਅ ਦਰਜ ਕਰਵਾਉਣ ਤੋਂ ਰੋਕਦੀ ਹੈ ਅਤੇ ਇਸ ਦੀ ਉਲੰਘਣਾ ਇਕ ਸਾਲ ਦੀ ਕੈਦ ਜਾਂ ਜੁਰਮਾਨਾ ਜਾਂ ਦੋਵਾਂ ਲਈ ਸਜ਼ਾ ਯੋਗ ਹੈ।

ਦੁਬਈ 'ਚ ਭਾਰਤੀ ਦੀ ਲੱਗੀ 240 ਕਰੋੜ ਦੀ ਲਾਟਰੀ

ਦੁਬਈ, 28 ਅਕਤੂਬਰ (ਇੰਟ.)- ਯੂ.ਏ.ਈ. ਲਾਟਰੀ ਨੇ ਅਧਿਕਾਰਤ ਤੌਰ 'ਤੇ 29 ਸਾਲਾ ਭਾਰਤੀ ਪ੍ਰਵਾਸੀ ਤੇ ਅਬੂ ਧਾਬੀ ਨਿਵਾਸੀ ਅਨਿਲ ਕੁਮਾਰ ਬੋਲਾ ਨੂੰ ਰਿਕਾਰਡ-ਤੋੜ 100 ਮਿਲੀਅਨ ਦਿਰਹਾਮ ਜੈਕਪਾਟ ਦਾ ਜੇਤੂ ਐਲਾਨਿਆ।

ਇਹ ਲਾਟਰੀ ਇਨਾਮ ਅਬੂ ਧਾਬੀ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਇਨਾਮ ਹੈ। 18 ਅਕਤੂਬਰ ਨੂੰ 23ਵੇਂ ਲੱਕੀ ਡੇਅ ਡਰਾਅ #251018 ਦੌਰਾਨ ਕੱਢੇ ਗਏ ਜੈਕਪਾਟ ਨੇ ਅਨਿਲ ਨੂੰ ਤੁਰੰਤ ਕਰੋੜਪਤੀ ਬਣਾ ਦਿੱਤਾ। ਅਨਿਲ ਕੁਮਾਰ ਬੋਲਾ ਦਾ ਲਾਟਰੀ ਨੰਬਰ 8,835,372 ਸੀ। ਡਰਾਅ ਦੇ ਸਮੇਂ ਅਨਿਲ ਨੇ ਕਿਹਾ ਕਿ ਜਦੋਂ ਯੂ.ਏ.ਈ. ਲਾਟਰੀ ਟੀਮ ਨੇ ਉਸ ਨੂੰ ਉਸ ਦੀ ਜਿੱਤ ਬਾਰੇ ਦੱਸਣ ਲਈ ਫ਼ੋਨ ਕੀਤਾ ਤਾਂ ਉਹ ਘਰ ਵਿਚ ਸੀ। ਜਦੋਂ ਉਸ ਨੂੰ ਫ਼ੋਨ ਆਇਆ, ਤਾਂ ਉਸ ਨੂੰ ਲੱਗਿਆ ਕਿ ਕੋਈ ਮਜ਼ਾਕ ਕਰ ਰਿਹਾ ਹੈ। ਉਸ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਸੀ।

ਨਵੇਂ ਬਿਲਡਿੰਗ...

(ਸਫਾ 1 ਦੀ ਬਾਕੀ)

ਬਾਇਓਮੈਟਰਿਕ ਹਾਜ਼ਰੀ ਜ਼ਰੂਰੀ ਬਣਾਈ ਜਾਵੇਗੀ ਅਤੇ ਨਸ਼ਾ ਰੋਕੂ ਦਵਾਈਆਂ ਦੀ ਵੰਡ ਪ੍ਰਣਾਲੀ ਵਿਚ ਸੁਰੱਖਿਅਤ ਲਿਆਂਦੀ ਜਾਵੇਗੀ।

ਪੰਜਾਬ ਸਪੋਰਟਸ ਮੈਡੀਕਲ ਕਾਡਰ ਲਈ ਅਸਾਮੀਆਂ ਪ੍ਰਵਾਨ

ਮੰਤਰੀ ਮੰਡਲ ਵਲੋਂ ਪੰਜਾਬ ਖੇਡ ਵਿਭਾਗ ਵਿਚ ਮੈਡੀਕਲ ਕਾਡਰ ਲਈ 100 ਅਸਾਮੀਆਂ ਸਿਰਜਣ ਨੂੰ ਪ੍ਰਵਾਨਗੀ ਦਿੱਤੀ, ਜਿਸ 'ਚੋਂ 14 ਏ ਸ਼੍ਰੇਣੀ, 16 ਬੀ ਸ਼੍ਰੇਣੀ ਅਤੇ 80 ਸੀ ਸ਼੍ਰੇਣੀ ਲਈ ਹੋਣਗੀਆਂ। ਇਹ ਕਾਡਰ ਖਿਡਾਰੀਆਂ ਨੂੰ ਲੱਗਦੀਆਂ ਸੱਟਾਂ ਦੇ ਇਲਾਜ ਲਈ ਹੋਵੇਗਾ।

ਡੇਰਾਬੱਸੀ 'ਚ 100 ਬਿਸਤਰਿਆਂ ਦਾ ਹਸਪਤਾਲ

ਮੰਤਰੀ ਮੰਡਲ ਵਲੋਂ ਡੇਰਾਬੱਸੀ 'ਚ 100 ਬਿਸਤਰਿਆਂ ਦਾ ਈ.ਐਸ.ਆਈ. ਹਸਪਤਾਲ ਸਥਾਪਤ ਕਰਨ ਲਈ ਸਾਢੇ ਚਾਰ ਏਕੜ ਜ਼ਮੀਨ ਦੇਣ ਨੂੰ ਪ੍ਰਵਾਨਗੀ ਦੇ ਦਿੱਤੀ। ਇਹ ਹਸਪਤਾਲ ਦੀ ਸਥਾਪਤੀ ਭਾਰਤ ਸਰਕਾਰ ਵਲੋਂ ਕੀਤੀ ਜਾਣੀ ਹੈ।

ਸੁਪਰੀਮ ਕੋਰਟ ਨੇ ਮੈਡੀਕਲ ਇੰਟਰਨਾਂ ਨੂੰ ਵਜ਼ੀਫ਼ਾ ਨਾ ਦੇਣ 'ਤੇ ਐੱਨ. ਐੱਮ. ਸੀ. ਦੀ ਕੀਤੀ ਝਾੜ-ਝੰਬ

ਨਵੀਂ ਦਿੱਲੀ, 28 ਅਕਤੂਬਰ (ਪੀ. ਟੀ. ਆਈ.)-ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਦੇਸ਼ ਭਰ ਦੇ ਮੈਡੀਕਲ ਇੰਟਰਨਾਂ ਨੂੰ ਵਜ਼ੀਫ਼ਾ ਨਾ ਦੇਣ 'ਤੇ ਨੈਸ਼ਨਲ ਮੈਡੀਕਲ ਕਮਿਸ਼ਨ ਨੂੰ ਸਖ਼ਤ ਝਾੜ ਪਾਈ। ਸੁਪਰੀਮ ਕੋਰਟ ਨੇ ਇਸ ਭੁੱਲ ਨੂੰ 'ਬਹੁਤ ਚਿੰਤਾਜਨਕ' ਅਤੇ 'ਨਾਜਾਇਜ਼' ਦੱਸਿਆ, ਖਾਸ ਕਰਕੇ ਨੌਜਵਾਨ ਡਾਕਟਰਾਂ ਦੇ ਲੰਮੇ ਕੰਮ ਦੇ ਘੰਟਿਆਂ ਦੇ ਮੱਦੇਨਜ਼ਰ। ਜਸਟਿਸ ਅਰਵਿੰਦ ਕੁਮਾਰ ਅਤੇ ਐਨ ਵੀ ਅੰਜਾਰੀਆ ਦੇ ਬੈਂਚ ਨੇ ਐੱਨ. ਐੱਮ. ਸੀ. ਦੀ ਕਾਰਵਾਈ ਨਾ ਕਰਨ 'ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ ਤੇ ਕਿਹਾ ਕਿ ਮੈਡੀਕਲ ਇੰਟਰਨ ਅਕਸਰ ਦਿਨ 'ਚ 18 ਘੰਟੇ ਤੋਂ ਵੱਧ ਕੰਮ ਕਰਦੇ ਹਨ ਤੇ ਵਜ਼ੀਫ਼ੇ ਦੀ ਅਦਾਇਗੀ 'ਘੱਟੋ-ਘੱਟ ਰਕਮ ਹੈ ਜਿਸ ਦੇ ਉਹ ਹੱਕਦਾਰ ਹਨ'। ਐੱਨ. ਐੱਮ. ਸੀ. ਦਾ ਆਚਰਣ ਨਿੰਦਾ ਦਾ ਹੱਕਦਾਰ ਹੈ ਕਿਉਂਕਿ ਇੰਟਰਨਾਂ ਨੂੰ ਵਜ਼ੀਫ਼ੇ ਦੀ ਅਦਾਇਗੀ ਇਸ ਅਦਾਲਤ 'ਚ ਲੰਬੇ ਸਮੇਂ ਤੋਂ ਲੰਬਿਤ ਹੈ ਤੇ ਫਿਰ ਵੀ ਐੱਨ. ਐੱਮ. ਸੀ. ਬਿਨਾਂ ਕਿਸੇ ਗੰਭੀਰਤਾ ਨਾਲ ਵਿਚਾਰ ਕੀਤੇ ਆਪਣੇ ਪੈਰ ਖਿੱਚ ਰਹੀ ਹੈ। ਇਸ ਲਈ, ਅਸੀਂ ਇਹ ਟਿੱਪਣੀ ਕਰਨ ਲਈ ਮਜਬੂਰ ਹਾਂ ਅਤੇ ਬੈਂਚ ਨੇ ਮੈਡੀਕਲ ਸਿੱਖਿਆ ਲਈ ਸਿਖਰਲੀ ਰੈਗੂਲੇਟਰੀ ਸੰਸਥਾ ਨੂੰ ਆਪਣੀ ਨੀਂਦ ਤੋਂ ਜਾਗਣ ਦੀ ਤਾਕੀਦ ਕੀਤੀ। ਪਟੀਸ਼ਨਰ ਇੰਟਰਨਜ਼ ਦੀ ਨੁਮਾਇੰਦਗੀ ਵਕੀਲ ਤਨਵੀ ਦੁਬੇ ਨੇ ਕੀਤੀ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੀ ਨੁਮਾਇੰਦਗੀ ਵਧੀਕ ਸਾਲੀਸਿਟਰ ਜਨਰਲ ਐਸ਼ਵਰਿਆ ਭਾਟੀ ਨੇ ਕੀਤੀ।

ਚੀਨ ਅਤੇ ਆਸਿਆਨ ਵਲੋਂ ਵਿਸਤ੍ਰਿਤ ਮੁਕਤ ਵਪਾਰ ਸਮਝੌਤੇ 'ਤੇ ਦਸਤਖ਼ਤ

ਕੁਆਲਾਲੰਪਰ, 28 ਅਕਤੂਬਰ (ਏ.ਪੀ)- ਚੀਨ ਨੇ ਦੱਖਣ ਪੂਰਬਾ ਏਸ਼ਿਆਈ ਰਾਸ਼ਟਰ ਸੰਗਠਨ ਦੇ ਨਾਲ ਇਕ ਮੁਕਤ ਵਪਾਰ ਸਮਝੌਤੇ ਦੇ ਵਿਸਤ੍ਰਿਤ ਸੰਸਕਰਣ 'ਤੇ ਦਸਤਖ਼ਤ ਕੀਤੇ ਹਨ ਕਿਉਂਕਿ ਦੋਵੇਂ ਦੇਸ਼ ਅਮਰੀਕਾ ਤੋਂ ਵਧਦੇ ਸੁਰੱਖਿਆਵਾਦ ਦਾ ਸਾਹਮਣਾ ਕਰ ਰਹੇ ਹਨ। ਚੀਨੀ ਪ੍ਰਧਾਨ ਮੰਤਰੀ ਲੀ ਕਿਆਂਗ ਨੇ ਇਸ ਖੇਤਰ ਦੇ ਨਾਲ ਆਪਣੇ ਦੇਸ਼ ਦੇ ਨਜ਼ਦੀਕੀ ਸੰਬੰਧਾਂ 'ਤੇ ਜ਼ੋਰ ਦਿੱਤਾ। ਲੀ ਕਿਆਂਗ ਨੇ ਦਸਤਖ਼ਤ ਦੇ ਬਾਅਦ ਆਸਿਆਨ-ਚੀਨ ਸਿਖਰ ਸੰਮੇਲਨ 'ਚ ਕਿਹਾ ਕਿ 'ਏਕਤਾ ਹੀ ਸ਼ਕਤੀ ਹੈ' ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਨੇੜ ਭਵਿੱਖ ਸਹਿਯੋਗ ਵਿਸ਼ਵ ਆਰਥਿਕ ਅਨਿਸਚਿਤਾਵਾਂ ਨੂੰ ਦੂਰ ਕਰਨ 'ਚ ਮਦਦ ਕਰ ਸਕਦਾ ਹੈ। ਆਸਿਆਨ-ਚੀਨ ਮੁਕਤ ਵਪਾਰ ਖੇਤਰ 3.0 'ਤੇ ਦਸਤਖ਼ਤ ਸਾਲਾਨਾ ਆਸਿਆਨ ਸਿਖਰ ਸੰਮੇਲਨ ਅਤੇ ਸਬੰਧਿਤ ਮੀਟਿੰਗਾਂ ਦੇ ਆਖਰੀ ਦਿਨ ਹੋਏ ਅਤੇ ਲੀ ਕਿਆਂਗ ਅਤੇ ਮਲੇਸ਼ਿਆਈ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ, ਜੋ ਇਸ ਸਾਲ ਆਸਿਆਨ ਦੇ ਚੇਅਰਮੈਨ ਦੇ ਰੂਪ 'ਚ ਕਾਰਜਕਰਤਾ ਹਨ, ਨੇ ਇਸ ਸਮਝੌਤੇ ਨੂੰ ਵੇਖਿਆ। ਇਹ ਲੰਮੇ ਸਮੇਂ ਤੋਂ ਚਲੇ ਆ ਰਹੇ ਇਸ ਸਮਝੌਤੇ ਦੀ ਤੀਸਰੀ ਸੋਧ ਹੈ, ਜਿਸ 'ਤੇ ਪਹਿਲੀ ਵਾਰ 2002 'ਚ ਦਸਤਖ਼ਤ ਕੀਤੇ ਗਏ ਸਨ ਅਤੇ ਜੋ 2010 'ਚ ਲਾਗੂ ਹੋਇਆ ਸੀ। ਮੁਕਤ ਵਪਾਰ ਖੇਤਰ 2 ਅਰਬ ਤੋਂ ਵੱਧ ਲੋਕਾਂ ਨੂੰ ਸੰਯੁਕਤ ਬਜ਼ਾਰ ਕਵਰ ਕਰਦਾ ਹੈ ਅਤੇ ਵਸਤੂਆਂ 'ਤੇ ਟੈਰਿਫ ਘੱਟ ਕਰਦਾ ਹੈ ਅਤੇ ਸੇਵਾਵਾਂ ਅਤੇ ਨਿਵੇਸ਼ ਦੇ ਵਹਿਣ ਨੂੰ ਉਤਸ਼ਾਹਿਤ ਕਰਦਾ ਹੈ। ਦੋਪੱਖੀ ਵਪਾਰ 2010 ਵਿੱਚ 235.5 ਬਿਲੀਅਨ ਅਮਰੀਕੀ ਡਾਲਰ ਤੋਂ ਵਧ ਕੇ ਪਿਛਲੇ ਸਾਲ ਲਗਭਗ 1 ਟ੍ਰਿਲੀਅਨ ਅਮਰੀਕੀ ਡਾਲਰ ਹੋ ਗਿਆ ਹੈ।

ਸੁਪਰੀਮ ਕੋਰਟ ਵਲੋਂ...

(ਸਫਾ 1 ਦੀ ਬਾਕੀ)

ਕਰਨਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਕੇਂਦਰ ਦੁਆਰਾ ਦਾਇਰ ਹਲਫ਼ਨਾਮੇ 'ਤੇ ਗ਼ੌਰ ਕੀਤਾ ਅਤੇ ਕਿਹਾ ਕਿ ਮਾਨਸਿਕ ਸਿਹਤ ਸੰਭਾਲ ਐਕਟ, 2017 ਨੂੰ ਲਾਗੂ ਕਰਨ ਲਈ ਕਾਨੂੰਨੀ ਅਥਾਰਿਟੀ ਦਾ ਗਠਨ ਕੀਤਾ ਗਿਆ ਹੈ। ਹਾਲਾਂਕਿ, ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਪਟੀਸ਼ਨਕਰਤਾ ਨੇ ਕਈ ਹੋਰ "ਮੰਗਾਂ" ਵੀ ਕੀਤੀਆਂ ਸਨ, ਜਿਨ੍ਹਾਂ ਦੀ ਨਿਗਰਾਨੀ ਐਨ.ਐੱਚ.ਆਰ.ਸੀ. ਦੁਆਰਾ ਕੀਤੀ ਜਾਵੇਗੀ।

ਮਹਾਗਠਬੰਧਨ ਵਲੋਂ...

(ਸਫਾ 1 ਦੀ ਬਾਕੀ)

ਲਗਾਇਆ ਕਿ ਐਨ. ਡੀ. ਏ. ਕੋਲ ਬਿਹਾਰ ਲਈ ਕੋਈ ਦ੍ਰਿਸ਼ਟੀਕੋਣ ਨਹੀਂ ਹੈ, ਉਨ੍ਹਾਂ ਨੇ ਅਜੇ ਤੱਕ ਚੋਣਾਂ ਲਈ ਮੈਨੀਫੈਸਟੋ ਜਾਰੀ ਨਹੀਂ ਕੀਤਾ ਹੈ, ਭਾਜਪਾ ਆਗੂਆਂ ਅਤੇ ਭ੍ਰਿਸ਼ਟ ਅਧਿਕਾਰੀਆਂ ਨੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੂੰ ਕਠਪੁਤਲੀ ਬਣਾ ਦਿੱਤਾ ਹੈ, ਭਾਜਪਾ ਆਪਣੇ ਹਿੱਤਾਂ ਦੀ ਪੂਰਤੀ ਲਈ ਨਿਤਿਸ਼ ਕੁਮਾਰ ਦੀ ਵਰਤੋਂ ਕਰ ਰਹੀ ਹੈ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਨਿਤਿਸ਼ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਨਹੀਂ ਹੋਣਗੇ।

ਮੋਦੀ-ਨਿਤਿਸ਼ ਸਰਕਾਰ ਨੇ ਬਿਹਾਰ 'ਚ ਨੌਜਵਾਨਾਂ ਦੀਆਂ ਇੱਛਾਵਾਂ ਦਾ ਗਲਾ ਘੁੱਟਿਆ-ਰਾਹੁਲ ਗਾਂਧੀ

ਨਵੀਂ ਦਿੱਲੀ, 28 ਅਕਤੂਬਰ (ਪੀ.ਟੀ.ਆਈ.)-ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ ਮੋਦੀ ਤੇ ਨਿਤਿਸ਼ ਸਰਕਾਰ ਨੇ ਬਿਹਾਰ ਦੇ ਨੌਜਵਾਨਾਂ ਦੀਆਂ ਇੱਛਾਵਾਂ ਦਾ ਗਲਾ ਘੁੱਟਿਆ ਹੈ, ਰਾਜ ਨੂੰ ਤਿਆਗ ਦਿੱਤਾ ਹੈ ਅਤੇ ਹਰ ਵਿਕਾਸ ਮਾਪਦੰਡ 'ਤੇ ਇਸ ਨੂੰ ਖੱਡ 'ਚ ਧੱਕ ਦਿੱਤਾ ਹੈ। ਰਾਹੁਲ ਨੇ ਕਿਹਾ ਕਿ ਇਹ ਹੁਣ ਤਬਦੀਲੀ ਅਤੇ ਨਿਆਂ ਲਈ ਮਹਾਗਠਬੰਧਨ ਦੇ ਸੰਕਲਪ ਦੀ ਪੁਸ਼ਟੀ ਕਰਨ ਦਾ ਸਮਾਂ ਹੈ। ਉਨ੍ਹਾਂ ਐਕਸ 'ਤੇ ਇਕ ਪੋਸਟ 'ਚ ਹਾਲ ਹੀ ਵਿਚ ਬਿਹਾਰ ਦੇ ਨੌਜਵਾਨਾਂ ਨਾਲ ਕੀਤੀ ਗੱਲਬਾਤ ਦੀ ਵੀਡੀਓ ਵੀ ਸਾਂਝੀ ਕੀਤੀ। ਰਾਹੁਲ ਨੇ ਦੱਸਿਆ ਕਿ ਸਿੱਖਿਆ ਦੇ ਮੋਰਚੇ 'ਤੇ 9ਵੀਂ ਤੋਂ 10ਵੀਂ ਜਮਾਤ 'ਚ ਸਕੂਲ ਛੱਡਣ ਦੇ ਮਾਮਲੇ 'ਚ ਬਿਹਾਰ 27ਵੇਂ ਸਥਾਨ 'ਤੇ, 11ਵੀਂ ਅਤੇ 12ਵੀਂ ਜਮਾਤ 'ਚ ਦਾਖਲਾ ਦਰ 'ਚ 28ਵੇਂ ਸਥਾਨ 'ਤੇ ਅਤੇ ਮਹਿਲਾ ਸਾਖਰਤਾ 'ਚ ਵੀ 28ਵੇਂ ਸਥਾਨ 'ਤੇ ਹੈ। ਉਨ੍ਹਾਂ ਕਿਹਾ ਕਿ ਨੌਕਰੀ ਅਤੇ ਰੁਜ਼ਗਾਰ ਦੇ ਮਾਮਲੇ 'ਚ 21ਵੇਂ ਸਥਾਨ 'ਤੇ ਹੈ, ਜਦ ਕਿ ਉਦਯੋਗ/ਨਿਰਮਾਣ ਖੇਤਰ 'ਚ ਇਹ 23ਵੇਂ ਸਥਾਨ 'ਤੇ ਹੈ।

ਦਿੱਲੀ 'ਚ ਪਹਿਲੀ ਤੋਂ...

(ਸਫਾ 1 ਦੀ ਬਾਕੀ)

ਨਹੀਂ ਹੋਵੇਗੀ। ਨੋਟਿਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਦਿੱਲੀ ਵਿਚ ਰਜਿਸਟਰਡ ਵਪਾਰਕ ਮਾਲ ਵਾਹਨਾਂ, ਬੀ.ਐਸ.-6 ਡੀਜ਼ਲ ਵਾਹਨ, ਬੀ.ਐਸ.-4 ਡੀਜ਼ਲ ਵਾਹਨ